**ਵਿਸ਼ਾ-** **ਮਿਤੀ 13/8/2010 ਨੂੰ ਜਿਲ੍ਹਾ ਫਤਿਹਗੜ੍ਹ ਸਾਹਿਬ ਦੇ ਦੌਰੇ ਸਬੰਧੀ ।**

ਮਿਤੀ 13/8/2010 ਨੂੰ ਜਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਜੋ ਮੈਡੀਕਲ ਕੈਂਪ ਆਯੋਜਿਤ ਕੀਤੇ ਗਏ ਸਨ, ਉਨ੍ਹਾਂ ਦਾ ਦੌਰਾ ਕੀਤਾ ਗਿਆ। ਸੰਸਥਾਵਾਈਜ ਪੋਜੀਸਨ ਹੇਠ ਲਿਖੇ ਅਨੁਸਾਰ ਹੈ :-

1. **ਗੋਬਿੰਦਗੜ੍ਹ ਵਿਖੇ ਮੈਡੀਕਲ ਕੈਂਪ :** ਇਥੇ ਸਲੱਮ ਏਰੀਆ ਬਸਤੀ ਵਿਖੇ ਕੈਂਪ ਦਾ ਆਯੋਜਨ ਕੀਤਾ ਹੋਇਆ ਸੀ। 400 ਦੇ ਕਰੀਬ ਮਹਿਲਾਵਾਂ ਆਈਆਂ ਹੋਈਆਂ ਸਨ ਅਤੇ ਕੰਮ ਕਾਰ ਠੀਕ ਤਰੀਕੇ ਨਾਲ ਚੱਲ ਰਿਹਾ ਸੀ। ਪ੍ਰਾਈਵੇਟ ਸੰਸਥਾਵਾਂ ਦੇ ਸਹਿਯੋਗ ਨਾਲ ਬਲੱਡ ਅਤੇ ਹੋਰ ਵੱਖਰੇ ਵੱਖਰੇ ਟੈਸਟ ਵੀ ਕਰਵਾਏ ਜਾ ਰਹੇ ਸਨ।

2. **ਚਨਾਰਥਲ ਕਲਾਂ :** ਇਹ ਇੱਕ ਬਲਾਕ ਪੱਧਰ ਦੀ ਪੀ.ਐਚ.ਸੀ. ਹੈ ਅਤੇ ਸਬ ਸੈਂਟਰ ਵੀ ਹੈ। ਇਸ ਨੂੰ ਹੁਣ ਸੀ.ਐਚ.ਸੀ. ਵਿੱਚ ਅਪ ਗਰੇਡ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪੁਜੀਸਨ ਹੇਠ ਲਿਖੇ ਅਨੁਸਾਰ ਹੈ :-

    (1) **ਵਹੀਕਲ:** ਉਥੇ ਇੱਕ 12 ਸੀਟਰ ਦੀ ਵੀਹਕਲ ਸਾਲ 2002 ਤੋਂ ਬਿਨ੍ਹਾਂ ਰਜਿਸਟਰੇਸਨ ਤੋਂ ਖੜੀ ਹੈ। ਇਹ ਗੱਡੀ 20000 ਕਿਲੋਮੀਟਰ ਚੱਲੀ ਹੋਈ ਹੈ। ਗੱਡੀ ਦੀ ਰਜਿਸਟਰੇਸਨ ਕਰਵਾ ਕੇ ਇਸ ਨੂੰ ਸਹੀ ਕੰਮ ਲਈ ਇਸਤੇਮਾਲ ਵਿੱਚ ਲਿਆਉਣਾ ਚਾਹੀਦਾ ਹੈ। ਇਸ ਤਰ੍ਹਾਂ ਇੱਕ ਗੱਡੀ ਅਨੰਦਪੁਰ ਕਲੌੜ ਵਿਖੇ ਵੀ ਖੜੀ ਹੈ। ਇਨ੍ਹਾਂ ਦੋਨੋ ਗੱਡੀਆਂ ਦੀ ਤੁਰੰਤ ਰਜਿਸਟਰੇਸਨ ਕਰਵਾਈ ਜਾਵੇ ਅਤੇ ਸਿਵਲ ਸਰਜਨ ਇਨ੍ਹਾਂ ਨੂੰ ਵਰਤੋਂ ਵਿੱਚ ਲਿਆਉਣ। ਜੇਕਰ ਕੋਈ ਮੁਸਕਲ ਪੇਸ ਆਉਂਦੀ ਹੋਵੇ ਤਾਂ ਸਾਨੂੰ ਦੱਸਣ ਦੀ ਖੇਚਲ ਕੀਤੀ ਜਾਵੇ। (**ਸਿਵਲ ਸਰਜਨ**)

    (2) **ਐਲ.ਐਚ.ਵੀ.:** 5 ਐਲ.ਐਚ.ਵੀ.ਦੀ ਆਸਾਮੀਆਂ ਵਿਚੋਂ 3 ਪੋਸਟਾਂ ਖਾਲੀ ਪਈਆਂ ਹਨ। ਡਾਇਰੈਕਟਰ, ਪਰਿਵਾਰ ਭਲਾਈ, ਪੰਜਾਬ, ਇਨ੍ਹਾਂ ਖਾਲੀ ਪਈਆਂ ਪੋਸਟਾਂ ਨੂੰ ਤੁਰੰਤ ਭਰਨ। ਜੇਕਰ ਸੰਭਵ ਹੋ ਸਕੇ ਤਾਂ ਏ.ਐਨ.ਐਮ ਦੀ ਪੋਸਟਾਂ ਦੀ ਵੇਟਿੰਗ ਲਿਸਟ ਵਿਚੋਂ ਭਰ ਲਈਆਂ ਜਾਣ। (**ਡੀ.ਐਫ.ਡਬਲਯੂ**)

    (3) **ਏ.ਐਨ.ਐਮ. ਰਿਵਯੂ :** ਏ.ਐਨ.ਐਮ. ਦੇ ਕੰਮ ਬਾਰੇ ਰਿਵਯੂ ਕੀਤਾ ਜਾਣਾ ਚਾਹੀਦਾ ਹੈ ਕਿ ਕਿਹੜੀ ਏ.ਐਨ.ਐਮ. ਨੇ ਅੱਛਾ ਕੰਮ ਕੀਤਾ ਹੈ ਅਤੇ ਕਿਹੜੀ ਨੇ ਘੱਟ ਕੰਮ ਕੀਤਾ ਹੈ, ਇਸ ਬਾਰੇ ਕਿਸੇ ਵਲੋਂ ਇਹ ਜਾਨਣ ਦੀ ਕੋਸਿਸ ਨਹੀਂ ਕੀਤੀ ਗਈ। ਸਿਵਲ ਸਰਜਨ ਅਤੇ ਐਸ.ਐਮ.ਓ. ਨੂੰ ਬੇਨਤੀ ਹੈ ਕਿ ਏ.ਐਨ.ਐਮ. ਦੀ ਕਾਰਗੁਜਾਰੀ ਬਾਰੇ ਰਿਵਯੂ ਕੀਤਾ ਜਾਵੇ, ਉਨ੍ਹਾਂ ਦੇ ਘੱਟ ਕੰਮ ਕਰਨ ਦੇ ਕਾਰਨ ਜਾਨਣ ਦੀ ਕੋਸਿਸ ਕੀਤੀ ਜਾਵੇ। ਕਈ ਸਬ ਸੈਂਟਰਾਂ ਵਿੱਚ ਏ.ਐਨ.ਐਮਜ ਨੇ ਬਹੁਤ ਘੱਟ ਕੰਮ ਕੀਤਾ ਹੈ ਜਿਵੇਂ ਸਾਹਨੀਪੁਰ ਆਦਿ । (**ਸਿਵਲ ਸਰਜਨ**)

(4) **ਸਬ ਸੈਂਟਰ** : ਸਬ ਸੈਂਟਰ ਚਨਾਰਥਲ ਕਲਾਂ ਦੇ ਕੰਮ ਦੀ ਕਾਰਗੁਜਾਰੀ ਬਹੁਤ ਮਾੜੀ ਹੈ। ਸਬ ਸੈਂਟਰ ਵਿੱਚ ਦਵਾਈਆਂ ਆਦਿ ਦੇ ਪੋਸਟਰ ਆਦਿ ਵੀ ਨਹੀਂ ਪਹੁੰਚੇ। ਇਸ ਸੈਂਟਰ ਦੇ ਕੰਮ ਦੀ ਕਾਰਗੁਜਾਰੀ ਨੂੰ ਚੁਸਤ ਦਰੁਸਤ ਕਰਨ ਲਈ ਨਿੱਜੀ ਪੱਧਰ ਤੇ ਧਿਆਨ ਦਿੱਤਾ ਜਾਵੇ। (**ਸਿਵਲ ਸਰਜਨ**)

3. **ਸਬ ਸੈਂਟਰ ਤਲਾਨੀਆ** :

ਇਸ ਸਬ ਸੈਂਟਰ ਦੀ ਹਾਲਤ ਠੀਕ ਸੀ। ਏ.ਐਨ.ਐਮ. ਠੀਕ ਕੰਮ ਕਰ ਰਹੀਆਂ ਸਨ। ਦਵਾਈਆਂ ਆਦਿ ਦਾ ਠੀਕ ਪ੍ਰਬੰਧ ਸੀ। ਡਲੀਵਰੀ ਦਾ ਕੰਮ ਕਾਰ ਵੀ ਠੀਕ-ਠਾਕ ਸੀ।

4. **ਸਬ ਸੈਂਟਰ ਖਰੋੜਾ**:

ਇਹ ਸਬ ਸੈਂਟਰ ਗੁਰਦੁਆਰੇ ਦੀ ਬਿਲਡਿੰਗ ਵਿੱਚ ਚੱਲ ਰਿਹਾ ਹੈ। ਇਸ ਸਬ ਸੈਂਟਰ ਲਈ ਨਵੀਂ ਬਿਲਡਿੰਗ ਬਨਾਉਣ ਦੀ ਲੋੜ ਹੈ। ਏ.ਐਨ.ਐਮ. ਦਾ ਕੰਮ-ਕਾਰ ਠੀਕ ਸੀ, ਦਵਾਈਆਂ ਵਗੈਰਾ ਵੀ ਠੀਕ ਸਨ। (**ਐਮ.ਡੀ. ਪੀ.ਐਚ.ਐਸ.ਸੀ**)



5. **ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ** :

(1) **ਸਟੋਰ** : ਸਟੋਰ ਵਿਚੋਂ ਇੱਕ ਡੀਪ ਫਰਿਜਰ ਅਤੇ ਆਈ.ਐਲ.ਆਰ ਮੀਸਿੰਗ ਪਾਏ ਗਏ ਸਨ। ਉਹ ਸਹੀ ਥਾਂ ਤੇ ਨਹੀਂ ਰੱਖੇ ਸਨ। ਉਨ੍ਹਾਂ ਨੂੰ ਸਹੀ ਥਾਂ ਤੇ ਰੱਖਿਆ ਜਾਵੇ। (**ਸਿਵਲ ਸਰਜਨ**)

(2) **ਆਟੋ ਕਲੇਵ** : ਇੱਕ ਆਟੋ ਕਲੇਵ ਸਰਜੀਕਲ ਬਿਨ੍ਹਾਂ ਵਰਤੋਂ ਤੋਂ ਪਿਆ ਸੀ, ਉਸ ਨੂੰ ਵਰਤੋਂ ਵਿੱਚ ਲਿਆਂਦਾ ਜਾਵੇ। (**ਸਿਵਲ ਸਰਜਨ**)

(3) **ਸਬ ਸੈਂਟਰ** : ਇਸ ਜਿਲ੍ਹੇ ਵਿੱਚ 77 ਸਬ ਸੈਂਟਰ ਹਨ, ਪ੍ਰੰਤੂ ਸਮਾਨ 65 ਲਈ ਆਇਆ ਹੋਇਆ ਹੈ। ਲੇਬਰ ਪ੍ਰੋਟੋਕੋਲ ਵੀ ਚੈਕ ਕੀਤੇ ਗਏ, ਜੋ ਕਿ ਉਥੇ ਨਹੀਂ ਸਨ। ਡਾ: ਭਾਟੀਆਂ ਨੂੰ ਬੇਨਤੀ ਹੈ ਕਿ ਉਹ ਇਸ ਸਾਰੇ ਕੇਸ ਨੂੰ ਵੇਖਣ ਅਤੇ ਮੇਰੇ ਨਾਲ ਡਿਸਕਸ ਕਰਨ। ਬਾਰ ਬਾਰ ਆਪਣੇ ਵਲੋਂ ਸਪਲਾਈ ਭੇਜਣ ਵਿੱਚ ਅਜਿਹਾ ਕਿਉਂ ਹੁੰਦਾ ਹੈ। (**ਐਮ.ਡੀ. ਐਨ.ਆਰ.ਐਚ.ਐਮ**)

(4) **ਲੇਬਰ ਪ੍ਰੋਟੋਕੋਲ** : ਲੇਬਰ ਰੂਮ ਅਤੇ ਗਾਇਨੀ ਵਾਰਡਾਂ ਲਈ ਜੋ ਫਲਿਪ ਬੁੱਕਸ ਅਤੇ ਪੋਸਟਰ ਛਪਵਾਏ ਗਏ ਸਨ, ਉਨ੍ਹਾਂ ਦਾ ਚੰਗੀ ਤਰ੍ਹਾਂ ਇਸਤੇਮਾਲ ਨਹੀਂ ਕੀਤਾ ਗਿਆ। (**ਸਿਵਲ ਸਰਜਨ**)

(5) **ਆਟੋ ਕਲੇਵ**: 6 ਨਵੇਂ ਆਟੋ ਕਲੇਵ ਨਾਨ ਇਲੈਕਟ੍ਰਿਕਲ ਆਏ ਪਏ ਸਨ। ਪ੍ਰੰਤੂ ਉਨ੍ਹਾਂ ਨੂੰ ਇਸਤੇਮਾਲ ਵਿੱਚ ਨਹੀਂ ਲਿਆਂਦਾ ਗਿਆ। ਇਨ੍ਹਾਂ ਨੂੰ ਵਰਤੋਂ ਵਿੱਚ ਲਿਆਂਦਾ ਜਾਵੇ। (**ਸਿਵਲ ਸਰਜਨ**)

(6) **ਬਿਨ੍ਹਾਂ ਆਰ.ਸੀ. ਤੋਂ ਗੱਡੀਆਂ :** ਬਿਨ੍ਹਾਂ ਰਜਿਸਟਰੇਸਨ ਤੋਂ 4 ਗੱਡੀਆਂ ਖੜੀਆਂ ਸਨ, ਉਨ੍ਹਾਂ ਨੂੰ ਆਰ.ਸੀ. ਦਿਵਾ ਕੇ ਚਾਲੂ ਕੀਤਾ ਜਾਵੇ। ਇਨ੍ਹਾਂ ਵਿਚੋਂ ਦੋ ਗੱਡੀਆਂ ਬਾਰੇ ਪਹਿਲਾਂ ਹੀ ਜਿਕਰ ਕੀਤਾ ਜਾ ਚੁੱਕਾ ਹੈ। ਇਹ 2 ਗੱਡੀਆਂ ਅਨੰਦਪੁਰ ਕਲੌੜ ਦੀਆਂ ਹਨ। ਇਨ੍ਹਾਂ ਤੇ ਵੀ ਯੋਗ ਕਾਰਵਾਈ ਕਰਕੇ ਇਸਤੇਮਾਲ ਵਿੱਚ ਲਿਆਂਦਾ ਜਾਵੇ। (**ਸਿਵਲ ਸਰਜਨ**)

7. **ਓ.ਪੀ.ਡੀ. ਦੀ ਪ੍ਰਗਤੀ ਦਾ ਰਿਵਯੂ :** ਸਿਵਲ ਸਰਜਨ ਵਲੋਂ ਓ.ਪੀ.ਡੀ. ਦੀ ਪ੍ਰਗਤੀ ਦਾ ਰਿਵਯੂ ਚੰਗੀ ਤਰ੍ਹਾਂ ਨਹੀਂ ਕੀਤਾ ਗਿਆ। ਸਿਵਲ ਸਰਜਨ ਇੱਕ ਮੀਟਿੰਗ ਕਰਨ ਉਸ ਵਿੱਚ ਓ.ਪੀ.ਡੀ. ਦੇ ਕੰਮ ਨੂੰ ਮੋਟੀਟਰ ਕਰਨ ਕਿ ਕਿਹੜੇ ਡਾਕਟਰ ਵਲੋਂ ਕੰਮ ਚੰਗਾ ਕੀਤਾ ਗਿਆ ਹੈ ਅਤੇ ਕਿਹੜੇ ਡਾਕਟਰ ਵਲੋਂ ਕੰਮ ਘੱਟ ਕੀਤਾ ਗਿਆ ਹੈ। ਇਸ ਸਬੰਧੀ ਸਾਰੀ ਸੂਚਨਾ ਇਕੱਤਰ ਕਰਕੇ ਬਣਦੀ ਯੋਗ ਕਾਰਵਾਈ ਕੀਤੀ ਜਾਵੇ। (**ਸਿਵਲ ਸਰਜਨ**)

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ

ਪਿੰਠਅੰਕਣ ਨੰ: ਪੀ.ਐਸ/ਪੀ.ਐਸ.ਐਚ-2010/ ਮਿਤੀ ਚੰਡੀਗੜ੍ਹ

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ, ਮੋਹਾਲੀ,
2. ਮਿਸਨ ਡਾਇਰੈਕਟਰ, ਐਨ.ਆਰ.ਐਚ.ਐਮ. ਪੰਜਾਬ, ਚੰਡੀਗੜ੍ਹ,
3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ,
4. ਡਾਇਰੈਕਟਰ, ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ,
5. ਸਿਵਲ ਸਰਜਨ, ਫਤਿਹਗੜ੍ਹ ਸਾਹਿਬ ।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ